بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.04.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਹਰ ਅਹਮਦੀ ਨੂੰ ਆਪਣਾ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਸੰਸਾਰਕ ਲਾਭ ਲਈ ਸਾਡੇ ਕੋਲੋਂ ਕੋਈ ਅਜਿਹੀ ਹਰਕਤ ਤਾਂ ਨਹੀਂ ਵਾਪਰ ਰਹੀ ਜੋ ਸਾਨੂੰ ਰੱਬ ਨੇੜੇ ਅਤਿਅੰਤ ਪਾਪੀ ਬਣਾ ਰਹੀ ਹੋਵੇ**

-----------------------------------------------------

**ਜੇਕਰ ਸਾਡੀ ਬੁਨਿਆਦ ਹੀ ਝੂਠ'ਤੇ ਹੈ ਅਤੇ ਅਸੀਂ ਸੰਸਾਰ ਪ੍ਰਾਪਤੀ ਨੂੰ ਆਪਣਾ ਮੰਤਵ ਸਮਝਿਆ ਹੋਇਆ ਹੈ ਤਾਂ ਫਿਰ ਅਸੀਂ ਰੱਬ ਦੀਆਂ ਮਿਹਰਾਂ ਦੇ ਵਾਰਸ ਨਹੀਂ ਬਣ ਸਕਦੇ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਅਪ੍ਰੈਲ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਸਪੇਨ ਪਛੱਮੀ ਦੇਸ਼ਾਂ ਵਿੱਚੋਂ ਤਾਂ ਹੈ ਪਰ ਆਰਥਕ ਮਜ਼ਬੂਤੀ ਪੱਖੋਂ ਯੂਰੋਪ ਦੇ ਘੱਟ ਆਰਥਕ ਮਜ਼ਬੂਤ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ । ਕੰਮ ਦੇ ਮੌਕੇ, ਆਮਦਨੀ ਤੇ ਜੀਵਨ ਦੇ ਮਿਆਰ, ਯੂਰੋਪ ਦੇ ਦੂਜੇ ਦੇਸ਼ਾਂ ਜਿਵੇਂ ਫ਼੍ਰਾਂਸ, ਜਰਮਨੀ, ਹਾਲੈਂਡ ਅਤੇ ਯੂ.ਕੇ. ਆਦਿ ਤੋਂ ਘੱਟ ਹੈ, ਪਰ ਇਹ ਹੁੰਦਿਆਂ ਹੋਇਆਂ ਵੀ ਪਾਕਿਸਤਾਨ ਦੇ ਟਾਕਰੇ'ਤੇ ਇਸ ਦੀ ਆਰਥਕ ਵਿਵਸਥਾ ਚੰਗੀ ਹੈ । ਇਹੋ ਕਾਰਣ ਹੈ ਕਿ ਬਹੁਤ ਸਾਰੇ ਪਾਕਿਸਤਾਨੀ ਇੱਥੇ ਵਪਾਰ ਦੇ ਸੰਬੰਧ ਵਿੱਚ ਵੀ ਅਤੇ ਨੌਕਰੀ ਦੇ ਸੰਬੰਧ ਵਿੱਚ ਵੀ ਆਉਂਦੇ ਹਨ । ਜਿੱਥੋਂ ਤੱਕ ਅਹਮਦੀਆਂ ਦਾ ਸੰਬੰਧ ਹੈ ਉਹ ਪਾਕਿਸਤਾਨ ਵਿੱਚੋਂ ਨਿਕਲਦੇ ਹਨ ਤਾਂ ਦੋ ਕਾਰਣਾ ਕਰਕੇ ਨਿਕਲਦੇ ਹਨ ਜਿਸ ਵਿੱਚੋਂ ਸਭ ਤੋਂ ਵਡੱਾ ਕਾਰਣ ਧਾਰਮਕ ਪਾਬੰਦੀਆਂ ਅਤੇ ਅਜ਼ਾਦੀ ਦਾ ਨ ਹੋਣਾ ਹੈ । ਦੂਜਾ ਕਾਰਣ ਆਰਥਕ ਅਵਸਥਾ ਦੀ ਬਿਹਤਰੀ ਹੈ । ਇੱਥੇ ਆਉਣ ਵਾਲਿਆਂ ਦੀ ਅਧਿਕਤਾ ਇਹੋ ਕਹਿ ਕੇ ਇੱਥੇ ਅਸਾਈਲਮ ਲੈਂਦੀ ਹੈ ਜਾਂ ਪੱਕੀ ਵੱਸੋਂ ਦਾ ਵੀਜ਼ਾ ਲੈਣ ਦਾ ਜਤਨ ਕਰਦੇ ਹਨ ਕਿ ਅਹਮਦੀਆਂ ਦੇ ਪਾਕਿਸਤਾਨ ਵਿੱਚ ਅਜਿਹੇ ਹਾਲਾਤ ਨਹੀਂ ਕਿ ਅਜ਼ਾਦੀ ਨਾਲ ਆਪਣੇ ਆਪ ਨੂੰ, ਆਪਣੇ ਇਮਾਨ ਅਨੁਸਾਰ ਮੁਸਲਮਾਨ ਕਹਿ ਸਕਣ ਜਾਂ ਇਬਾਦਤ ਕਰ ਸਕਣ ਜਾਂ ਧਾਰਮਕ ਰੀਤੀਆਂ ਪੂਰੀਆਂ ਕਰ ਸਕਣ । ਕਈ ਲੋਕ ਤਾਂ ਆਪਣੇ ਹਾਲਾਤ ਸਹੀ ਤੌਰ'ਤੇ ਵਰਨਣ ਕਰਦੇ ਹਨ ਪਰ ਕਈ ਗੱਲ ਵਧਾ ਕੇ ਵੀ ਕਰ ਲੈਂਦੇ ਹਨ, ਜੱਦ ਕਿ

ਇਸ ਦੀ ਲੋੜ ਨਹੀਂ ਹੈ । ਮੈਂ ਕਈ ਵਾਰ ਵਰਨਣ ਕਰ ਚੁਕਿਆ ਹਾਂ ਕਿ ਜੇਕਰ ਵਾਸਤਵ ਵਿੱਚ ਸੱਚੀ ਗੱਲ ਵਰਨਣ ਕੀਤੀ ਜਾਵੇ ਅਤੇ ਧਰਮ ਦੇ ਨਾਂ'ਤੇ ਸਾਡੇ ਉਪੱਰ ਜੋ ਵਧੀਕੀਆਂ ਹੋ ਰਹੀਆਂ ਹਨ, ਉਹਨਾਂ ਨੂੰ ਹੀ ਦਸੱਕੇ ਕੇਵਲ ਇਹ ਕਿਹਾ ਜਾਏ ਕਿ ਅਜਿਹੇ ਹਾਲਾਤਾਂ ਵਿੱਚ ਮੇਰਾ ਉੱਥੇ ਰਹਿਣਾ ਮੈਂਨੂੰ ਬੋਧਕ ਰੂਪ ਵਿੱਚ ਅਤਿਅੰਤ ਦਬਾਉ ਵਿੱਚ ਲਿਆ ਰਿਹਾ ਹੈ ਜਾਂ ਟੈਂਸ਼ਨ ਵਿੱਚ ਪਾਉਂਦਾ ਅਤੇ ਨਿਰੰਤਰ ਟਾਰਚਰ ਵੀ ਹੈ । ਤਾਂ ਸਾਧਾਰਣ ਤੋਰ'ਤੇ ਇਹ ਲੋਕ ਸਮਝ ਜਾਂਦੇ ਹਨ । ਸੋ, ਦੂਜਿਆਂ ਦੇ ਆਖਣ'ਤੇ ਜਾਂ ਵਕੀਲਾਂ ਦੇ ਆਖੇ ਲਗੱਕੇ ਆਪਣੇ ਆਪ ਨੂੰ ਜਾਂ ਆਪਣੀ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਲੋੜ ਨਹੀਂ ਹੈ । ਇਸੇ ਪ੍ਰਕਾਰ ਅਰੰਭ ਤੋਂ ਅੰਤ ਤੱਕ ਬਿਆਨ ਵੀ ਇਕ ਹੀ ਹੋਣਾ ਚਾਹੀਦਾ ਹੈ ਨ ਕਿ ਬਿਆਨ ਵੀ ਬਦਲਦੇ ਜਾਣ ਜਿਸ ਨਾਲ ਪ੍ਰਬੰਧਕਾਂ ਨੂੰ ਝੂਠ ਦੀ ਸ਼ੰਕਾ ਹੋਵੇ । ਝੂਠ ਤੋਂ ਤਾਂ ਅਹਮਦੀ ਨੂੰ ਉਂਝ ਵੀ ਬਚਣਾ ਚਾਹੀਦਾ ਹੈ । ਰੱਬ ਨੇ ਝੂਠ ਨੂੰ ਸ਼ਿਰਕ ਦੇ ਬਰਾਬਰ ਦੱਸਿਆ ਹੈ ਅਤੇ ਇਕ ਅਹਮਦੀ ਤੋਂ ਕਦੇ ਵੀ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਸ਼ਿਰਕ ਕਰਨ ਵਾਲਾ ਹੋਵੇ । ਇਕ ਪਾਸੇ ਤਾਂ ਇਸ ਦਾ ਦਾਵਾ ਇਹ ਹੈ ਕਿ ਮੈਂ ਸਭ ਤੋਂ ਵੱਧ ਰੱਬ ਦੀ ਤੋਹੀਦ ਦਾ ਇਕਰਾਰ ਕਰਨ ਵਾਲਾ ਹਾਂ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਆਉਣ ਵਾਲੇ ਅਤੇ ਵਰਤਮਾਨ ਸਮੇਂ ਦੇ ਇਮਾਮ ਅਤੇ ਮਸੀਹ ਮੌਊਦ ਤੇ ਮਹਦੀ ਮਾਹੂਦ ਨੂੰ ਮੰਨ੍ਹਦਾ ਹਾਂ ਅਤੇ ਦੂਜੇ ਪਾਸੇ ਉਸ ਦੇ ਬੁਨਿਆਦੀ ਗੁਨਾਹਾਂ ਜਿਸ ਤੋਂ ਬਚਣਾ ਇਕ ਪ੍ਰਣ ਕਰਨ ਵਾਲੇ ਦਾ ਪਹਿਲਾ ਕਰਤਵ ਹੈ ਇਸ ਤੋਂ ਬਚਣਾ ਵਾਲਾ ਨ ਹੋਵੇ । ਸੋ, ਇਸ ਪੱਖੋਂ ਹਰ ਅਹਮਦੀ ਨੂੰ ਆਪਣਾ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਸੰਸਾਰਕ ਲਾਭ ਪ੍ਰਾਪਤੀ ਲਈ ਸਾਡੇ ਕੋਲੋਂ ਕੋਈ ਅਜਿਹੀ ਹਰਕਤ ਤਾਂ ਨਹੀਂ ਵਾਪਰ ਰਹੀ ਜੋ ਸਾਨੂੰ ਰੱਬ ਨੇੜੇ ਅਤਿਅੰਤ ਪਾਪੀ ਬਣਾ ਰਹੀ ਹੋਵੇ । ਸੋ ਜੱਦ ਅਸੀਂ ਆਪਣੇ ਇਮਾਨ ਨੂੰ ਬਚਾਉਣ ਲਈ ਆਪਣੇ ਧਰਮ ਉਪੱਰ ਕਾਇਮ ਰਹਿਣ ਲਈ ਆਪਣੇ ਦੇਸ਼ ਵਿੱਚੋਂ ਨਿਕਲੇ ਹਾਂ ਤਾਂ ਫਿਰ ਰੱਬ ਦੇ ਆਦੇਸ਼ਾਂ ਨੂੰ ਸਭ ਤੋਂ ਮੋਹਰੇ ਰਖੱਣਾ ਚਾਹੀਦਾ ਹੈ । ਸਾਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਕ਼ਬੂਲ ਕਰਨ ਦੇ ਬਾਦ ਸਾਡੀ ਪ੍ਰਾਥਮਿਕਤਾਵਾਂ ਕੀ ਹਨ ਅਤੇ ਕੀ ਹੋਣੀਆਂ ਚਾਹੀਦੀਆਂ ਹਨ । ਜੇਕਰ ਇਹ ਪ੍ਰਾਥਮਿਕਤਾ ਰੱਬ ਦੇ ਆਦੇਸ਼ਾਂ ਅਨੁਸਾਰ ਨਹੀਂ ਤਾਂ ਅਸੀਂ ਉਸ ਮੰਤਵ ਨੂੰ ਨਹੀਂ ਹਾਸਲ ਕੀਤਾ ਜੋ ਮੰਤਵ ਸਾਡੇ ਹਿਜਰਤ ਕਰਨ ਦਾ ਹੈ ਅਤੇ ਜੇਕਰ ਇਹ ਇਸ ਅਨੁਸਾਰ ਹਨ ਤਾਂ ਅਸੀਂ ਇਸ ਹਿਜਰਤ ਦੇ ਮੰਤਵ ਨੂੰ ਹਾਸਲ ਕਰ ਲਿਆ ਅਤੇ ਅਜਿਹੀ ਅਵਸਥਾ ਵਿੱਚ ਫਿਰ ਰੱਬ ਦੀਆਂ ਮਿਹਰਾਂ ਵੀ ਸਾਡੇ ਨਾਲ ਹੋਣਗੀਆਂ । ਜੇਕਰ ਸਾਡੀ ਬੁਨਿਆਦ ਹੀ ਝੂਠ ਉਪੱਰ ਹੈ ਅਤੇ ਅਸੀਂ ਆਪਣਾ ਉਦੇਸ਼ ਹੀ ਸੰਸਾਰ ਪ੍ਰਾਪਤੀ ਸਮਝਿਆ ਹੋਇਆ ਹੈ ਤਾਂ ਫਿਰ ਅਸੀਂ ਰੱਬ ਦੀਆਂ ਮਿਹਰਾਂ ਦੇ ਵਾਰਸ ਨਹੀਂ ਬਣ ਸਕਦੇ । ਰੱਬ ਨੂੰ ਇਕ ਮੰਨ੍ਹਣ ਵਾਲੇ, ਰੱਬ ਦੀ ਇਬਾਦਤ ਕਰਨ ਵਾਲੇ ਕਦੇ ਵੀ ਸ਼ਿਰਕ ਨਹੀਂ ਕਰ ਸਕਦੇ । ਉਹ ਲੋਕ ਜਿੰਨ੍ਹਾ ਨੇ ਆਪਣੇ ਪੈਦਾ ਹੋਣ ਦੇ ਉਦੇਸ਼ ਦੀ ਵਾਸਤਵਿਕਤਾ ਨੂੰ ਸਮਝਿਆ ਹੈ ਉਹਨਾਂ ਦੇ ਜੀਵਨ ਦਾ ਪਹਿਲਾਂ ਉਦੇਸ਼ ਰੱਬ ਦੀ ਰਜ਼ਾ ਹਾਸਲ ਕਰਨਾ ਹੁੰਦਾ ਹੈ । ਸਾਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਸੰਸਾਰ ਪ੍ਰਾਪਤੀ ਅਤੇ ਦੁਨੀਆ ਦੀਆਂ ਰੰਗੀਨੀਆਂ ਵਿੱਚ ਰੰਗਿਆਂ ਜਾਣਾ ਸਾਡਾ ਉਦੇਸ਼ ਨਹੀਂ ਹੈ । ਜੇਕਰ ਅਸੀਂ ਰੱਬ ਨੂੰ ਰਾਜ਼ੀ ਕਰਨ ਲਈ ਉਸ ਦੇ ਦੱਸੇ ਹੋਏ ਜਨਮ ਦੇ ਉਦੇਸ਼ ਨੂੰ ਹਾਸਲ ਕਰਨ ਦਾ ਜਤਨ ਕਰਾਂਗੇ ਤਾਂ ਹੀ ਅਸੀਂ ਸਫ਼ਲਤਾ ਹਾਸਲ ਕਰ ਸਕਦੇ ਹਾਂ । ਇਹ ਦੁਨੀਆ ਅਤੇ ਇਸ ਦੀਆਂ ਨੇਮਤਾਂ ਤਾਂ ਸਾਨੂੰ ਮਿਲ ਹੀ ਜਾਣਗੀਆਂ ਕਿ ਰੱਬ ਦੀਨ ਤੇ ਦੁਨੀਆ ਦੀਆਂ ਨੇਮਤਾਂ ਤੋਂ ਆਪਣੇ ਵੱਲ ਆਉਣ ਵਾਲਿਆਂ ਨੂੰ ਵਾਂਝਿਆਂ ਨਹੀਂ ਰਖੱਦਾ, ਸਗੋਂ ਰੱਬ ਨੇ ਤਾਂ ਸਾਨੂੰ ਇਹ ਦੁਆ ਸਿਖਾਈ ਹੈ ਕਿ ਮੈਥੋਂ ਦੁਨੀਆ ਤੇ ਆਖ਼ਰਤ ਦੇ ਹਸਨਾਤ (ਹਰ ਪ੍ਰਕਾਰ ਦੇ ਉਪਹਾਰ) ਮੰਗੋ ਜਿਵੇਂ ਕਿ ਰੱਬ ਫ਼ਰਮਾਉਂਦਾ ਹੈ :

(رَبَّنَآ اٰتِنَا فِى الدُّنۡيَا حَسَنَةً وَّفِى الۡاٰخِرَةِ حَسَنَةً وَّقِنَا عَذَابَ النَّارِ)

"ਰਬੱਨਾ ਆਤਿਨਾ ਫ਼ਿਦੁੱਨੀਆ ਹਾਸਾਨਾਤੱਵ ਵਫ਼ਿਲ ਆਖ਼ਿਰਾਤਿ ਹਾਸਾਨਾਤੱਵ ਵਾਕਿਨਾ ਅਜ਼ਾਬਨੱਾਰਿ"

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਬਾਰੇ ਫ਼ਰਮਾਉਂਦੇ ਹਨ :-

ਮਨੁੱਖ ਆਪਣੀ ਖ਼ੁਸ਼ਹਾਲੀ ਲਈ ਦੋ ਚੀਜਾਂ ਦਾ ਮੁਥਾਜ ਹੈ । ਇਕ ਦੁਨੀਆ ਦੇ ਸੰਖੇਪ ਜੀਵਨ ਵਿੱਚ ਜੋ ਕੁਝ ਔਕੁੜਾਂ, ਮੁਸੀਬਤਾਂ ਤੇ ਕਸ਼ਟ ਆਦਿ ਆਉਂਦੇ ਹਨ ਉਹਨਾਂ ਤੋਂ ਅਮਨ ਵਿੱਚ ਰਹੇ, ਦੂਜਾ ਵਿਅਰਥ ਗਲੱਾਂ ਤੇ ਆਤਮਕ ਰੋਗ ਜੋ ਉਸ ਨੂੰ ਰੱਬ ਤੋਂ ਦੂਰ ਕਰਦੇ ਹਨ, ਉਹਨਾਂ ਤੋਂ ਮੁਕਤੀ ਪ੍ਰਾਪਤ ਕਰੇ । ਫ਼ਰਮਾਇਆ ਕਿ ਦੁਨੀਆ ਦਾ ਚੰਗਾ ਫਲ ਇਹ ਹੈ ਕਿ ਕੀ ਸ਼ਰੀਰਕ ਤੇ ਕੀ ਆਤਮਕ ਤੌਰ'ਤੇ ਹਰ ਇਕ ਬਲਾ ਤੇ ਗੰਦੇ ਜੀਵਨ ਅਤੇ ਜ਼ਿਲੱਤ ਤੋਂ ਸੁਰੱਖਿਅਤ ਰਹੇ । ਵਾਸਤਵ ਵਿੱਚ 'ਰਬੱਨਾ' ਦੇ ਸ਼ਬਦ ਵਿੱਚ ਤੌਬਾ ਵੱਲ ਹੀ ਇਕ ਸੂਖਮ ਸੰਕੇਤ ਹੈ । ਜੱਦ ਮਨੁੱਖ 'ਰਬੱਨਾ' ਕਹਿੰਦਾ ਹੈ ਅਰਥਾਤ ਹੇ ਮੇਰੇ ਰੱਬ ਤਾਂ ਇਹ ਰੱਬ ਵੱਲ ਝੁਕੱਦਾ ਹੈ, ਕਿਉਂਕਿ ਰਬੱਨਾ ਦਾ ਸ਼ਬਦ ਚਾਹੁੰਦਾ ਹੈ ਕਿ ਉਹ ਕੁਝ ਰਬੱਾਂ ਨੂੰ ਜੋ ਕਿ ਉਸ ਨੇ ਪਹਿਲਾਂ ਬਣਾਏ ਹੋਏ ਸਨ, ਉਹਨਾਂ ਤੋਂ ਉਪਰਾਮ ਹੋਕੇ ਇਸ ਰੱਬ ਵੱਲ ਆਇਆ ਹੈ । ਅਤੇ ਇਹ ਸ਼ਬਦ ਵਾਸਤਵਿਕ ਪੀੜ੍ਹਾ ਤੇ ਆਨੰਦ ਤੋਂ ਬਿਨਾ ਮਨੁੱਖ ਦੇ ਦਿਲ ਵਿੱਚੋਂ ਨਿਕਲ ਹੀ ਨਹੀਂ ਸਕਦਾ । ਆਪ ਫ਼ਰਮਾਉਂਦੇ ਹਨ ਕਿ ਅਸਲ ਵਿੱਚ ਮਨੁੱਖ ਨੇ ਆਪਣੇ ਬਹੁਤ ਸਾਰੇ ਰੱਬ ਬਣਾਏ ਹੁੰਦੇ ਹਨ, ਆਪਣੇ ਹੀਲਿਆਂ, ਹੁਜੱਤਾਂ ਅਤੇ ਦਗ਼ਾਬਾਜ਼ੀਆਂ ਉਪੱਰ ਉਸ ਨੂੰ ਪੂਰਾ ਭਰੋਸਾ ਹੁੰਦਾ ਹੈ ਕਿ ਉਹੋ ਉਸ ਦਾ ਰੱਬ ਹੈ । ਜੇਕਰ ਉਸ ਨੂੰ ਆਣੇ ਗਿਆਨ ਜਾਂ ਸ਼ਕਤੀ ਦਾ ਹੰਕਾਰ ਹੈ ਤਾਂ ਉਹੋ ਹੀ ਉਸ ਦਾ ਰੱਬ ਹੈ । ਜੇਕਰ ਸੁੰਦਰਤਾ, ਰੂਪ ਜਾਂ ਮਾਲ ਦੌਲਤ ਉਪੱਰ ਫ਼ਖ਼ਰ ਹੈ ਤਾਂ ਉਹੋ ਉਸ ਦਾ ਰੱਬ ਹੈ । ਭਾਵ ਇਹ ਕਿ ਇਸ ਪ੍ਰਕਾਰ ਦੇ ਹਜ਼ਾਰਾਂ ਸਬਬ ਉਸ ਨਾਲ ਲੱਗੇ ਹੋਏ ਹਨ । ਜੱਦ ਤੱਕ ਇਹਨਾ ਸਾਰਿਆਂ ਨੂੰ ਤਿਆਗ ਕੇ ਇਹਨਾ ਤੋਂ ਉਪਰਾਮ ਹੋਕੇ ਉਸ ਵਾਹਿਦ ਲਾ ਸ਼ਰੀਕ (ਇੱਕੋ ਇਕ ਰੱਬ) ਸੱਚੇ ਤੇ ਹਕੀਕੀ ਰੱਬ ਅੱਗੇ ਆਪਣਾ ਸਿਰ ਨ ਝੁਕਾਏ ਅਤੇ ਰਬੱਨਾ ਦੀ ਦਰਦ ਭਰੀ ਅਤੇ ਮਨ ਨੂੰ ਪੰਘਾਰ ਦੇਣ ਵਾਲੀ ਆਵਾਜ਼ਾਂ ਨਾਲ ਉਸ ਦੇ ਦਰ'ਤੇ ਨ ਡਿੱਗੇ, ਉਦੋਂ ਤੱਕ ਉਹ ਹਕੀਕੀ ਰੱਬ ਨੂੰ ਨਹੀ ਸਮਝਿਆ । ਹਕੀਕੀ 'ਰਬੱਨਾ' ਉਸੇ ਸਮੇਂ ਪੂਰਾ ਹੁੰਦਾ ਹੈ ਜਦੱ ਦਰਦ ਨਾਲ ਭਰੀ ਹੋਈ ਮਨ ਨੂੰ ਪੰਘਾਰ ਦੇਣ ਵਾਲੀ ਆਵਾਜ਼ ਨਿਕਲ ਰਹੀ ਹੋਵੇ । ਇਸ ਹਕੀਕਤ ਨੂੰ ਜਾਣਦਾ ਹੋਵੇ ਕਿ ਜੱਦ ਮੈਂ ਰਬੱਨਾ ਕਿਹਾ ਹੈ ਤਾਂ ਮੈਂ ਇਕ ਵਾਹਿਦ ਲਾ ਸ਼ਰੀਕ ਰੱਬ ਨੂੰ ਪੁਕਾਰ ਰਿਹਾ ਹਾਂ ਜੋ ਮੇਰਾ ਰੱਬ ਹੈ ਅਤੇ ਜੱਦ ਇਹ ਹੋਵੇਗਾ ਤਾਂ ਹੀ ਉਹ ਹਕੀਕੀ ਰੱਬ ਨੂੰ ਸਮਝਦਾ ਹੈ, ਉਸੇ ਤੋਂ ਦੁਆ ਮੰਗਦਾ ਹੈ । ਸੋ, ਫ਼ਰਮਾਇਆ ਜੱਦ ਅਜਿਹੀ ਮਨ ਦੀ ਦਰਦ ਭਰੀ ਤੇ ਆਤਕਮਤਾ ਨਾਲ ਉਸ ਦੀ ਹਜ਼ੂਰੀ ਵਿੱਚ ਆਪਣਿਆਂ ਪਾਪਾਂ ਦਾ ਇਕਰਾਰ ਕਰਦਿਆਂ ਹੋਇਆਂ ਤੌਬਾ ਕਰਦਾ ਹੈ ਅਤੇ ਉਸ ਨੂੰ ਸੰਬੋਧਨ ਕਰਦਾ ਹੈ ਕਿ ਰਬੱਨਾ ਅਰਥਾਤ ਅਸਲ ਤੇ ਹਕੀਕੀ ਰੱਬ ਤਾਂ ਤੂੰ ਹੀ ਹੈਂ ਪਰ ਅਸੀਂ ਆਪਣੀਆਂ ਗ਼ਲਤੀਆਂ ਕਰਕੇ ਏਧਰ ਉਧੱਰ ਭਟਕਦੇ ਫਿਰਦੇ ਰਹੇ । ਹੁਣ ਮੈਂ ਇਹਨਾਂ ਝੂਠਿਆਂ ਬੁਤਾਂ ਅਤੇ ਝੂਠੇ ਉਪਾਸਕਾਂ ਨੂੰ ਤਿਆਗ ਦਿਤੱਾ ਹੈ ਅਤੇ ਸੱਚੇ ਦਿਲ ਨਾਲ ਤੇਰਾ ਰੱਬ ਹੋਣ ਦਾ ਇਕਰਾਰ ਕਰਦਾ ਹਾਂ ਅਤੇ ਤੇਰੇ ਆਸਤਾਨੇ ਉਪੱਰ ਝੁਕਦਾ ਹਾਂ ।

ਸੋ, ਇਹ ਹੈ ਉਹ ਅਵਸਥਾ ਜੋ ਖ਼ਾਲਸ ਹੋਕੇ ਰੱਬ ਦੀ ਹਜ਼ੂਰੀ ਵਿੱਚ ਝੁਕਣ ਅਤੇ ਉਸ ਦੀ ਇਬਾਦਤ ਕਰਨ ਅਤੇ ਆਪਣੇ ਜੀਵਨ ਦੇ ਉਦੇਸ਼ ਨੂੰ ਸਮਝਣ ਦਾ, ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਵਿੱਚ ਦੇਖਣਾ ਚਾਹੁੰਦੇ ਹਨ । ਜੱਦ ਅਸੀਂ ਇਸ ਪ੍ਰਕਾਰ ਆਪਣੇ ਰੱਬ ਨੂੰ ਪੁਕਾਰਣ ਦਾ ਹੱਕ ਪੂਰਾ ਕਰਾਂਗੇ ਤਾਂ ਦੁਨੀਆ ਦੀਆਂ ਨੇਮਤਾਂ ਵੀ ਸਾਨੂੰ ਮਿਲ ਜਾਣਗੀਆਂ ਅਤੇ ਅਖ਼ਰਤ ਦੀਆਂ ਨੇਮਤਾਂ ਵੀ ਮਿਲਣਗੀਆਂ । ਸਗੋਂ ਦੁਨੀਆਂ ਦੀਆਂ ਨੇਮਤਾਂ ਵੀ ਮਨੁੱਖ ਆਖ਼ਰਤ ਦੀਆਂ ਨੇਮਤਾਂ ਹਾਸਲ ਕਰਨ ਲਈ ਹੀ ਮੰਗਦਾ ਹੈ ਤਾਂ ਜੋ ਸਵਸਥ ਹੋਵੇ ਤਾਂ ਰੱਬ ਦੀ

ਇਬਾਦਤ ਦਾ ਵੀ ਹੱਕ ਪੂਰਾ ਹੋਵੇ। ਜੇਕਰ ਸਵਸਥ ਹੋਵੇਗਾ ਤਾਂ ਇਬਾਦਤ ਵੀ ਸਹੀ ਤਰੀਕੇ ਨਾਲ ਕਰ ਸਕਦਾ ਹੈ, ਧੰਨ ਮਾਲ ਹੋਵੇ ਤਾਂ ਰੱਬ ਦੇ ਧਰਮ ਖ਼ਾਤਰ ਉਸ ਦੀ ਕੁਰਬਾਨੀ ਦਾ ਹੱਕ ਪੂਰਾ ਕਰ ਸਕਦਾ ਹੈ । ਉਸਦੇ ਬੰਦਿਆਂ ਦੇ ਹੱਕ ਪੂਰੇ ਕਰਨ ਦਾ ਸੰਜੋਗ ਉਸ ਨੂੰ ਮਿਲ ਸਕਦਾ ਹੈ ।

ਸੋ, ਇਸ ਮਹੱਤਵਪੂਰਨ ਉਸੂਲ ਨੂੰ ਹਮੇਸ਼ਾ ਸਾਹਮਣੇ ਰਖੱਣਾ ਚਾਹੀਦਾ ਹੈ । ਇਬਾਦਤ ਦਾ ਹੱਕ ਪੂਰਾ ਕਰਨ ਦੀ ਗੱਲ ਹੋਈ ਹੈ ਤਾਂ ਇਸ ਬਾਰੇ ਸਾਨੂੰ ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਇਸ ਨੂੰ ਪੂਰਾ ਕਰਨ ਦਾ ਜਤਨ ਉਸੇ ਸਮੇਂ ਹੋ ਸਕਦਾ ਹੈ ਜੱਦ ਅਸੀਂ ਰੱਬ ਦੇ ਆਦੇਸ਼ਾਂ ਅਨੁਸਾਰ ਆਪਣੇ ਜਨਮ ਦੇ ਮੰਤਵ ਨੂੰ ਪੂਰਾ ਕਰਨ ਵਾਲੇ ਵੀ ਹੋਵਾਂਗੇ । ਅਲੱਾਹ ਤਆਲਾ ਫ਼ਰਮਾਉਂਦਾ ਹੈ :

(وَمَا خَلَقْتُ الْجِنَّ وَالْإِنْسَ إِلَّا لِيَعْبُدُوْنِ) 'ਵਮਾ ਖ਼ਲਕਤੁਲ ਜਿਨੱਾ ਵਲ ਇੰਸਾ ਇਲਾ ਲਿ ਯਾਬੁਦੂਨ' ਅਰਥ : ਅਤੇ ਮੈਂ ਜਿੰਨਾ ਤੇ ਇੰਸਾਨਾ ਨੂੰ ਕੇਵਲ ਆਪਣੀ ਇਬਾਦਤ ਲਈ ਪੈਦਾ ਕੀਤਾ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਫ਼ਰਮਾਇਆ : ਸੋ, ਰੱਬ ਦੇ ਆਦੇਸ਼ਾਂ ਵੱਲ ਜੱਦ ਅਸੀਂ ਦੇਖਦੇ ਹਾਂ ਤਾਂ ਇਕ ਆਦੇਸ਼ ਦੇ ਬਾਦ ਦੂਜਾ ਆਦੇਸ਼ ਜਿਸ ਵੱਲ ਸਾਨੂੰ ਲੈ ਜਾਂਦਾ ਹੈ ਉਹ ਇਹੋ ਹੈ ਕਿ ਰੱਬ ਨੂੰ ਕਦੇ ਨ ਭੁੱਲੋ । ਤੁਹਾਡੇ ਸੰਸਾਰਕ ਜਤਨ ਵੀ ਤੁਹਾਨੂੰ ਰੱਬ ਦੀ ਯਾਦ ਤੋਂ ਗ਼ਾਫ਼ਲ ਨਹੀਂ ਕਰਨ ਵਾਲੇ ਹੋਣੇ ਚਾਹੀਦੇ ਹਨ ਅਤੇ ਨ ਕਦੇ ਸੰਸਾਰਕ ਇਛੱਾਵਾਂ ਦੀ ਪੂਰਨਤਾ ਤੁਹਾਡਾ ਟੀਚਾ ਹੋਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਬਾਰੇ ਇਕ ਥਾਂ ਫ਼ਰਮਾਉਂਦੇ ਹਨ ਕਿ :

ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਮੈਂ ਜਿੰਨ ਅਤੇ ਇੰਸਾਨ ਨੂੰ ਇਸ ਲਈ ਪੈਦਾ ਕੀਤਾ ਹੈ ਕਿ ਉਹ ਮੈਨੂੰ ਪਛਾਨਣ ਅਤੇ ਮੇਰੀ ਬੰਦਗੀ ਕਰਨ । ਸੋ, ਇਸ ਆਇਤ ਦੇ ਪੱਖੋਂ ਮਨੁੱਖ ਦੇ ਜੀਵਨ ਦਾ ਮੂਲ ਮੁਦੱਾ ਰੱਬ ਦੀ ਇਬਾਦਤ ਅਤੇ ਰੱਬ ਦੀ ਮਆਰਫ਼ਤ ਅਤੇ ਰੱਬ ਲਈ ਹੋ ਜਾਣਾ ਹੈ । ਫ਼ਰਮਾਉਂਦੇ ਹਨ ਇਹ ਤਾਂ ਸਪਸ਼ਟ ਹੈ ਕਿ ਇੰਸਾਨ ਨੂੰ ਤਾਂ ਇਹ ਮਰਤਬਾ ਹਾਸਲ ਨਹੀਂ ਹੈ ਕਿ ਆਪਣੇ ਜੀਵਨ ਦੇ ਮੁੱਦੇ ਆਪਣੇ ਅਖ਼ਤਿਆਰ ਨਾਲ ਆਪ ਨਿਰਧਾਰਤ ਕਰੇ, ਕਿਉਂਕਿ ਮਨੁੱਖ ਨ ਆਪਣੀ ਮਰਜ਼ੀ ਨਾਲ ਆਉਂਦਾ ਹੈ ਅਤੇ ਨ ਆਪਣੀ ਮਰਜੀ ਨਾਲ ਵਾਪਸ ਜਾਏਗਾ, ਸਗੋਂ ਉਹ ਇਕ ਮਖ਼ਲੂਕ ਹੈ ਅਤੇ ਜਿਸ ਨੇ ਪੈਦਾ ਕੀਤਾ ਅਤੇ ਸਾਰਿਆਂ ਜੀਵਾਂ ਦੀ ਤੁਲਨਾ ਵਿੱਚ ਉਮਦਾ ਤੇ ਉਤੱਮ ਸ਼ਕਤੀਆਂ ਉਸ ਨੂੰ ਪ੍ਰਦਾਨ ਕੀਤੀਆਂ ਅਰਥਾਤ ਬਾਕੀਆਂ ਦੀ ਤੁਲਨਾ ਵਿੱਚ ਇੰਸਾਨ ਨੂੰ ਅਸ਼ਰਾਫ਼ੁਲ ਮਖ਼ਲੂਕਾਤ (ਸਭ ਤੋਂ ਉਤੱਮ ਮਖ਼ਲੂਕ) ਬਣਾਇਆ, ਚੰਗੀਆਂ ਸ਼ਕਤੀਆਂ ਤੇ ਅੰਗ ਪ੍ਰਦਾਨ ਕੀਤੇ, ਉਸਨੇ ਇਸ ਜੀਵਨ ਦਾ ਇਕ ਮੁਦੱਾ (ਉਦੇਸ) ਵੀ ਠਹਿਰਾ ਰੱਖਿਆ ਹੈ । ਭਾਵੇਂ ਕੋਈ ਇਸ ਮੰਤਵ ਨੂੰ ਸਮਝੇ ਜਾਂ ਨ ਸਮਝੇ ਪਰ ਇਨਸਾਨ ਦੀ ਪੈਦਾਇਸ਼ ਦਾ ਮੰਤਵ ਨਿਰਸੰਦੇਹ ਰੱਬ ਦੀ ਇਬਾਦਤ ਅਤੇ ਰੱਬ ਦੀ ਮਆਰਫ਼ਤ ਅਤੇ ਰੱਬ ਵਿੱਚ ਫ਼ਨਾ ਹੋ ਜਾਣਾ ਹੀ ਹੈ ।

ਜੱਦ ਮਨੁੱਖ ਇਸ ਮੰਥਵ ਨੂੰ ਸਾਹਮਣੇ ਰਖੱਦਾ ਹੈ ਤਾਂ ਉਹ ਹਕੀਕੀ ਮੋਮਿਨ ਬਣਦਾ ਹੈ ਅਤੇ ਦੁਨੀਆਂ ਦੀਆਂ ਨੇਮਤਾਂ ਨੂੰ ਵੀ ਰੱਬ ਦੀ ਰਜ਼ਾ ਹਾਸਲ ਕਰਨ ਦਾ ਸਾਧਨ ਬਣਾਉਂਦਾ ਹੈ । ਸੋ, ਮਨੁੱਖ ਦੀਆਂ ਬੋਧਕ ਯੋਗਤਾਵਾਂ, ਮਨੁੱਖ ਦੀਆਂ ਸ਼ਰੀਰਕ ਸ਼ਕਤੀਆਂ, ਮਨੁੱਖ ਦੀ ਆਰਥਕ ਅਵਸਥਾ ਅਤੇ ਵਰਤਮਾਨ ਜੁੱਗ ਦੀਆਂ ਨਵੀਆਂ ਕਾਢਾਂ ਸਾਨੂੰ ਗ਼ਾਫ਼ਲ ਨ ਕਰਨ ਕਿ ਅਸੀਂ ਆਪਣੇ ਜਨਮ ਦੇ ਮੰਤਵ ਨੂੰ ਭੁੱਲ ਜਾਈਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਹਮਦੀ ਇਸ ਗੱਲ ਦਾ ਐਲਾਨ ਕਰਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਅਹਿ ਵਸਲਮ ਦੀ ਪੇਸ਼ਗੋਈ ਅਨੁਸਾਰ ਇਕ ਲੰਮੇ ਹਨ੍ਹੇਰੇ ਦੇ ਬਾਦ ਫਿਰ ਇਸਲਾਮ ਦਾ ਰੋਸ਼ਨ ਸੂਰਜ ਮਸੀਹ ਮੌਊਦ ਦੇ ਜੁੱਗ ਵਿੱਚ ਚੜ੍ਹਨਾ ਸੀ, ਜਿਸ ਨੇ ਮੁਸਮਲਮਾਨਾਂ ਦੇ ਦਿਲਾਂ ਨੂੰ ਵੀ ਹਨ੍ਹੇਰਿਆਂ ਵਿੱਚੋਂ ਰੋਸ਼ਨੀ ਵੱਲ

ਇਸਲਾਮ ਦੀ ਹਕੀਕੀ ਸਿੱਖਿਆ ਦਸੱਕੇ ਲਿਆਉਂਣਾ ਸੀ ਅਤੇ ਗ਼ੈਰ ਮੁਸਲਮਾਨਾਂ ਨੂੰ ਵੀ ਇਸਲਾਮ ਦੀ ਹਕੀਕੀ ਸੁੰਦਰ ਸਿੱਖਿਆ ਦਸੱਣੀ ਸੀ ।

ਇਹਨਾਂ ਦੇਸ਼ਾਂ ਵਿੱਚ ਆਣਕੇ ਹੁਣ ਹਰ ਅਹਮਦੀ ਦਾ ਕਰਤਵ ਬਣਦਾ ਹੈ ਕਿ ਉਹ ਇਸ ਮਹਤੱਵਪੂਰਨ ਕਰਤਵ ਨੂੰ ਪੂਰੀ ਤਰ੍ਹਾਂ ਨਿਭਾਉਣ ਦਾ ਜਤਨ ਕਰੇ । ਹਰ ਥਾਂ ਜਿੱਥੇ ਅਹਮਦੀ ਹਨ, ਆਪਣੇ ਮਾਹੌਲ ਨੂੰ ਦਸੱਣ ਕਿ ਹਕੀਕੀ ਇਸਲਾਮ ਕੀ ਹੈ, ਹਰ ਅਹਮਦੀ ਦਾ ਕਰਮ, ਉਸ ਦਾ ਆਚਰਣ, ਉਸ ਦੀ ਇਬਾਦਤ ਦੇ ਮਿਆਰ ਅਜਿਹੇ ਹੋਣ ਕਿ ਦੂਜਿਆਂ ਦਾ ਧਿਆਨ ਆਪਣੇ ਵੱਲ ਆਕਰਸ਼ਤ ਕਰਨ ਵਾਲਾ ਹੋਵੇ । ਇਹ ਜਿੱਥੇ ਅਹਮਦੀਆਂ ਨੂੰ ਦੂਜਿਆਂ ਨਾਲੋਂ ਵਿਸ਼ੇਸ ਕਰਨਗੇ, ਉੱਥੇ ਇੱਥੋਂ ਦੇ ਲੋਕਲ ਲੋਕਾਂ ਵਿੱਚ ਪ੍ਰਚਾਰ ਕਰਨ ਦੇ ਮਾਰਗ ਖੋਲਣ ਵਿੱਚ ਵੀ ਸਹਾਈ ਹੋਣਗੇ । ਸੋ, ਇਸ ਗੱਲ ਨੂੰ ਹਰ ਅਹਮਦੀ ਨੂੰ ਸਮਝਣ ਦੀ ਲੋੜ ਹੈ ਕਿ ਹਰ ਅਹਮਦੀ ਦਾ ਇਕ ਬਹੁਤ ਵਡੱਾ ਮੰਤਵ ਹੈ ਕਿ ਪਹਿਲਾਂ ਆਪ ਆਪਣੇ ਜਨਮ ਦੇ ਮੰਤਵ ਨੂੰ ਸਮਝਣਾ ਹੈ ਫਿਰ ਦੂਜਿਆਂ ਨੂੰ ਇਸ ਜਨਮ ਦੇ ਮੰਤਵ ਨੂੰ ਸਮਝਣ ਵੱਲ ਧਿਆਨ ਦਆਉਣਾ ਹੈ । ਦੁਨੀਆਂ ਨੂੰ ਇਸ ਵਾਸਤਵਿਕਤਾ ਨਾਲ ਜਾਣੂ ਕਰਵਾਉਂਣਾ ਹੈ ਕਿ ਦੁਨੀਆਂ ਦੀਆਂ ਨੇਮਤਾਂ ਜੋ ਰੱਬ ਨੇ ਪੈਦਾ ਕੀਤੀਆਂ ਹਨ ਉਹ ਰੱਬ ਤੋਂ ਦੂਰ ਲੈ ਜਾਣ ਲਈ ਨਹੀਂ ਹਨ, ਸਗੋਂ ਰੱਬ ਦੇ ਨੇੜੇ ਲਿਆਉਣ ਲਈ ਹਨ । ਇਸ ਲਈ ਇਸ ਵਿੱਚ ਸੰਤੁਲਨ ਧਾਰਨ ਕਰੋ ਵਰਨਾ ਸੰਤੁਲਨ ਤੋਂ ਬਾਹਰ ਹੋਣ ਕਰਕੇ ਤੁਸੀਂ ਤਬਾਹੀ ਵੱਲ ਵੱਧ ਰਹੇ ਹੋ ।

ਹਜ਼ੂਰ ਅਨਵਰ ਨੇ ਫਰਮਾਇਆ : ਅੱਜ ਤੋਂ ਚਾਰ ਪੰਜ ਸਾਲ ਪਹਿਲਾਂ ਦੁਨੀਆ ਦਾ ਇਸ ਪ੍ਰਕਾਰ ਤਬਾਹੀ ਵੱਲ ਵਧੱਣ ਦੀ ਕਲਪਨਾ ਨਹੀਂ ਸੀ ਜਾਂ ਇਸ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸਨ । ਪਰ ਅੱਜ ਹਾਲਾਤ ਬਿਲਕੁਲ ਹੀ ਭਿੰਨ ਹਨ ਅਤੇ ਜਿਸ ਤਬਾਹੀ ਵੱਲ ਦੁਨੀਆ ਵੱਧ ਰਹੀ ਹੈ ਇਸ ਦਾ ਅਸਲ ਸਬਬ ਇਹੋ ਹੈ ਕਿ ਇਹ ਸਮਝਦੇ ਹਨ ਕਿ ਪਛੱਮੀ ਦੁਨੀਆ ਦੀ ਤਰੱਕੀ ਇਹਨਾਂ ਨੂੰ ਬਚਾ ਲਏਗੀ ਅਤੇ ਜੇਕਰ ਨੁਕਸਾਨ ਹੋਇਆ ਵੀ ਤਾਂ ਅਸੀਂ ਪੂਰਾ ਕਰ ਲਵਾਂਗੇ । ਪਰੰਤੂ ਇਹ ਉਹਨਾ ਦੀ ਗ਼ਲਤੀ ਹੈ ਜੋ ਅਜਿਹਾ ਸੋਚਦੇ ਹਨ । ਜੱਦ ਜੰਗਾ ਦੀ ਤਬਾਹੀ ਆਏਗੀ ਜਾਂ ਆਉਂਦੀ ਹੈ ਤਾਂ ਫਿਰ ਆਰਥਕ ਪੱਖੋਂ ਠੋਸ ਹੁਕੂਮਤਾਂ ਵੀ ਇਹਨਾਂ ਜੰਗਾ ਦੇ ਬਾਦ ਆਪਣੇ ਆਪ ਨੂੰ ਸੰਭਾਲਣ ਲਈ ਪਹਿਲਾ ਜਤਨ ਕਰਦੀਆਂ ਹਨ ਅਤੇ ਕਰਨਗੀਆਂ । ਇਹ ਦੇਸ਼ ਜੋਂ ਘੱਟ ਮਜ਼ਬੂਤ ਹਨ ਇਹ ਹੋਰ ਵੀ ਬਹੁਤੇ ਭੈੜੇ ਹਾਲਾਤਾਂ ਵਿੱਚ ਜਾ ਸਕਦੇ ਹਨ । ਸੋ, ਜਿੱਥੇ ਜਿੱਥੇ ਵੀ ਅਹਮਦੀ ਹਨ ਕਰਮ ਰੂਪੀ ਜਤਨਾ ਅਤੇ ਸਭ ਤੋਂ ਵਧੱਕੇ ਦੁਆਵਾਂ ਨਾਲ ਰੱਬ ਦੀ ਰਜ਼ਾ ਨੂੰ ਹਾਸਲਾ ਕਰਨ ਵੱਲ ਧਿਆਨ ਦੇਣ ਕਿ ਰੱਬ ਦੀ ਮਿਹਰ ਹੀ ਹੈ ਜੋ ਦੁਨੀਆਂ ਨੂੰ ਤਬਾਹੀ ਤੋਂ ਬਚਾ ਸਕਦੀ ਹੈ ਅਤੇ ਰੱਬ ਦੀਆਂ ਮਿਹਰਾਂ ਨੂੰ ਜਜ਼ਬ ਕਰਨ ਲਈ ਇਹਨਾਂ ਗਲੱਾਂ ਉਪੱਰ ਅਮਲ ਕਰਨ ਦੀ ਲੋੜ ਹੈ ਜੋ ਰੱਬ ਨੇ ਦੱਸੀਆਂ ਹਨ । ਉਸ ਦੀ ਹਜ਼ੂਰੀ ਵਿੱਚ ਝੁਕ ਕੇ ਹੀ ਉਸ ਨੂੰ ਰਾਜ਼ੀ ਕੀਤਾ ਜਾ ਸਕਦਾ ਹੈ ਹਰ ਅਹਮਦੀ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਕੇਵਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਨ੍ਹਣਾ ਵੀ ਉਸ ਨੂੰ ਦੁਨੀਆ ਤੇ ਆਖ਼ਰਤ ਦੀਆਂ ਨੇਮਤਾਂ ਦਾ ਮਾਲਕ ਨਹੀਂ ਬਣਾ ਸਕਦਾ, ਨ ਹੀ ਅੱਗ ਦੇ ਅਜ਼ਾਬ ਤੋਂ ਬਚਾ ਸਕਦਾ ਹੈ ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਨ੍ਹਣਾ ਬਹੁਤੀ ਜ਼ਿੰਮੇਦਾਰੀ ਪਾਉਂਦਾ ਹੈ ਕਿ ਆਪਣੇ ਜੀਵਨ ਨੂੰ ਰੱਬ ਦੀ ਰਜ਼ਾ ਅਨੁਸਾਰ ਢਾਲਿਆ ਜਾਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ :-

ਚੇਤੇ ਰੱਖੋ ਨਿਰੀ ਬੈਅਤ ਨਾਲ ਕੁਝ ਨਹੀਂ ਹੁੰਦਾ । ਰੱਬ ਇਸ ਰਸਮ (ਰੀਤ) ਨਾਲ ਰਾਜ਼ੀ ਨਹੀਂ ਹੁੰਦਾ ਜੱਦ ਤੱਕ ਹਕੀਕੀ ਬੈਅਤ ਦੇ ਭਾਵਅਰਥ ਨੂੰ ਪੂਰਾ ਨ ਕੀਤਾ ਜਾਵੇ ਅਤੇ ਉਸ ਸਮੇਂ ਤੱਕ ਇਹ ਬੈਅਤ ਬੈਅਤ ਨਹੀਂ ਨਿਰੀ ਰਸਮ ਹੈ । ਇਸ ਲਈ ਜ਼ਰੂਰੀ ਹੈ ਕਿ ਬੈਅਤ ਦੇ ਹਕੀਕੀ ਟੀਚੇ ਨੂੰ ਪੂਰਾ ਕਰਨ ਦਾ ਜਤਨ ਕਰੋ । ਅਤੇ ਹਕੀਕੀ

ਟੀਚਾ ਕੀ ਹੈ, ਫ਼ਰਮਾਇਆ ਤਕਵਾ ਅਖ਼ਤਿਆਰ ਕਰੋ, ਕੁਰਆਨ ਸ਼ਰੀਫ਼ ਨੂੰ ਖ਼ੂਬ ਗ਼ੌਰ ਨਾਲ ਪੜ੍ਹੋ ਅਤੇ ਉਸ'ਤੇ ਵਿਚਾਰ ਕਰੋ ਅਤੇ ਫਿਰ ਅਮਲ ਕਰੋ ਕਿਉਂਕਿ ਰੱਬ ਦੀ ਮਰਿਆਦਾ ਇਹੋ ਹੈ ਕਿ ਰੱਬ ਨਿਰੀਆਂ ਗਲੱਾਂ ਤੋਂ ਕਦੇ ਵੀ ਖ਼ੁਸ਼ ਨਹੀਂ ਹੁੰਦਾ ਸਗੋਂ ਰੱਬ ਦੀ ਰਜ਼ਾ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਉਸਦੇ ਆਦੇਸ਼ਾਂ ਦੀ ਪੈਰ੍ਹਵੀ ਕੀਤੀ ਜਾਵੇ ਅਤੇ ਉਸਦੇ ਇਨਕਾਰ ਤੋਂ ਬਚੱਦੇ ਰਹੋ । ਜਿੰਨ੍ਹਾ ਗਲੱਾਂ ਤੋਂ ਉਸਨੇ ਰੋਕਿਆ ਹੈ ਉਹਨਾਂ ਤੋਂ ਬਚੋ । ਇਹ ਇਕ ਅਜਿਹੀ ਸਪਸ਼ਟ ਗੱਲ ਹੈ ਕਿ ਅਸੀਂ ਦੇਖਦੇ ਹਾਂ ਕਿ ਮਨੁੱਖ ਵੀ ਨਿਰੀਆਂ ਗਲੱਾਂ ਤੋਂ ਖ਼ੁਸ਼ ਨਹੀਂ ਹੁੰਦਾ ਸਗੋਂ ਉਹ ਵੀ ਸੇਵਾ ਨਾਲ ਖ਼ੁਸ਼ ਹੰਦਾ ਹੈ । ਸੱਚੇ ਮੁਸਲਮਾਨ ਅਤੇ ਝੂਠੇ ਮੁਸਲਮਾਨ ਵਿੱਚ ਇਹੋ ਅੰਤਰ ਹੁੰਦਾ ਹੈ ਕਿ ਝੂਠਾ ਮੁਸਲਮਾਨ ਗਲੱਾਂ ਬਣਾਉਦਾ ਹੈ ਕਰਦਾ ਕੁਝ ਨਹੀਂ ਅਤੇ ਉਸ ਦੇ ਟਾਕਰੇ'ਤੇ ਸਚੱਾ ਮੁਸਲਮਾਨ ਅਮਲ ਕਰਕੇ ਦਿਖਾਉਂਦਾ ਹੈ, ਗਲੱਾਂ ਨਹੀਂ ਬਣਾਉਂਦਾ । ਸੋ, ਜੱਦ ਰੱਬ ਦੇਖਦਾ ਹੈ ਕਿ ਮੇਰਾ ਬੰਦਾ ਮੇਰੇ ਲਈ ਇਬਾਦਤ ਕਰ ਰਿਹਾ ਹੈ ਅਤੇ ਮੇਰੇ ਲਈ, ਮੇਰੀ ਮਖ਼ਲੂਕ ਉਪੱਰ ਮਿਹਰ ਕਰ ਰਿਹਾ ਹੈ ਤਾਂ ਉਸ ਸਮੇਂ ਆਪਣੇ ਫ਼ਰਿਸ਼ਤੇ ਉਸ'ਤੇ ਨਾਜ਼ਲ ਕਰਦਾ ਹੈ ਅਤੇ ਸੱਚੇ ਅਤੇ ਝੂਠੇ ਮੁਸਲਮਾਨ ਵਿੱਚ ਜਿਵੇਂ ਕਿ ਉਸ ਦਾ ਵਾਦਾ ਹੈ ਅੰਤਰ ਕਰਕੇ ਦਿਖਾ ਦਿੰਦਾ ਹੈ ।

ਸੋ, ਸਾਡੇ ਵਿੱਚੋਂ ਹਰ ਇਕ ਦਾ ਕਰਤਵ ਹੈ ਕਿ ਉਹ ਸਚੱਾ ਮੁਸਲਮਾਨ ਬਣਨ ਦਾ ਜਤਨ ਕਰੇ । ਇਹ ਜੋ ਦੁਨੀਆਂ ਦੇ ਉਪਹਾਰ ਤੇ ਨੇਮਤਾਂ ਹਨ ਇਹਨਾਂ ਤੋਂ ਲਾਭ ਇਸ ਲਈ ਉਠਾਏ ਕਿ ਇਹ ਆਖ਼ਰਤ ਦੀਆਂ ਨੇਮਤਾ ਦਾ ਵਾਰਸ ਬਣਾਉਣ ਵਾਲੀਆਂ ਹੋਣਗੀਆਂ । ਅਸੀਂ ਆਪਣੀਆਂ ਇਬਾਦਤਾਂ ਦੇ ਹੱਕ ਪੂਰੇ ਕਰਨ ਵਾਲੇ ਬਣੀਏ । ਧਰਮ ਕਰਕੇ ਆਪਣੀਆਂ ਮਜਬੂਰੀਆਂ ਹੇਠ ਸਾਨੂੰ ਜੋ ਆਪਣੇ ਦੇਸ਼ਾਂ ਨੂੰ ਛਡੱਣਾ ਪਿਆ ਹੈ ਤਾਂ ਇੱਥੇ ਆਣਕੇ ਧਾਰਮਕ ਸਿੱਖਿਆਵਾਂ ਉਪੱਰ ਅਮਲ ਕਰਨ ਦਾ ਹੱਕ ਪੂਰਾ ਕਰਨ ਵਾਲੇ ਬਣੋ । ਅਲੱਾਹ ਤਆਲਾ ਸਾਰਿਆਂ ਨੂੰ ਇਸ ਦੀ ਤੋਫ਼ੀਕ ਪ੍ਰਦਾਨ ਕਰੇ ।

**Khulasa Khutba Jumma 06.04.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131